Surrey Schools
LEADERSHIP IN LEARNING

Tel: 604.596.7733
www.sd36.bc.ca

# ਨਸ਼ਿਆਂ ਤੋਂ ਬਚਾਉ ਦੇ ਤਾਲਮੇਲ ਅਫਸਰ

## (Substance Use Liaison)

### ਨਿਸ਼ਾਨਾ

ਬੱਚਿਆਂ ਲਈ, ਜੋ ਨਸ਼ਿਆਂ ਦੀ ਵਰਤੋਂ ਨਾਲ ਮੁਸੀਬਤ ਵਿੱਚ ਹੋਣ, ਓਨਾਂ ਦੀ ਸਭਿਅਤਾ ਨੂੰ ਮੁੱਖ ਰੱਖਕੇ, ਲਗਾਤਾਰ ਮਦਦ ਕਰਨੀ।

### ਮੁਲਾਂਕਣ

ਅਗਰ ਸਕੂਲ ਵਿੱਚ ਬੱਚੇ ਕੋਲੋਂ ਕੋਈ ਨਸ਼ਾ ਮਿਲੇ ਜਾਂ ਬੱਚੇ ਨੇ ਕੋਈ ਨਸ਼ਾ ਕੀਤਾ ਹੋਵੇ ਤਾਂ ਇਹ ਅਫਸਰ ਬੱਚੇ ਨੂੰ ਮਿਲ ਕਿ ਤਕਲੀਫ ਬਾਰੇ ਜਾਣਕਾਰੀ ਲੈਂਦਾ ਹੈ। ਮਦਦ ਦੀ ਲਾਗਤਲਈ, ਇਹ ਜ਼ਰੂਰੀ ਹੈ ਕਿ ਸਕੂਲ ਤੋਂ ਮੁਅਤਲ ਹੋਣ ਸਮੇਂ ਇਸ ਮਦਦ ਲਈ ਅਰਜ਼ੀ ਭਰੀ ਜਾਵੇ।

### ਹਵਾਲਾ ਦੇਣਾ

ਸਾਰੀ ਜਾਣਕਾਰੀ ਤੋਂ ਬਾਅਦ, ਤਾਲਮੇਲ ਅਫਸਰ ਬੱਚੇ ਦੀ ਮਦਦ ਕਰਦਾ ਤਾਂ ਕਿ ਓਹ ਬਰਾਦਰੀ ਵਿੱਚੋਂ ਲੋੜੀਂਦੀਆਂ ਸੰਸਥਾਵਾਂ ਦੀ ਮਦਦ ਲੈ ਸਕੇ, ਜਿਹਨਾਂ ਵਿੱਚੋਂ ਹਨ: ਪੈਸਿਫਕ ਕਮਿਊਨਟੀ ਰੀਜ਼ੋਰਸਜ਼, ਸਰ੍ਹੀ ਮੈਂਟਲ ਹੈਲਥ, ਪੀਸ ਆਰਚ ਕਮਿਊਨਟੀ ਰੀਜ਼ੋਰਸਜ਼।

### ਦਖਲ ਅੰਦਾਜ਼ੀ ਅਤੇ ਲਗਾਤਾਰ ਦੇਖ ਭਾਲ ਕਰਨਾ

ਅਗਰ ਬੱਚਾ ਆਪਣੀ ਆਦਿਤ ਨਹੀਂ ਬਦਲਦਾ ਅਤੇ ਇਹਨਾਂ ਬਾਹਰਲੀਆਂ ਸੰਸਥਾਵਾਂ ਵਿੱਚ ਮਦਦ ਲਈ ਨਹੀਂ ਭੇਜਿਆ ਜਾ ਸਕਦਾ ਤਾਂ ਤਾਲਮੇਲ ਅਫਸਰ ਨਸ਼ਿਆਂ ਬਾਰੇ ਜਾਣਕਾਰੀ ਦਿੰਦਾ ਹੈ। ਬੱਚੇ ਦੀ ਨਿਜੀ ਜਾਣਕਾਰੀ ਨੂੰ ਗੁਪਤ ਰੱਖਦੇ ਹੋਏ, ਲੋੜਵੰਦ ਜਾਣਕਾਰੀ ਹੀ ਸੰਸ਼ਥਾਵਾਂ ਨੂੰ ਦਿੱਤੀ ਜਾਂਦੀ ਹੈ। ਇਹ ਅਫਸਰ ਲਗਾਤਾਰ ਕੇਸ ਦੀ ਪੈਰਵਾਈ ਕਰਦਾ ਹੈ ਜਦੋਂ ਤੱਕ ਬੱਚਾ ਸਕੂਲ ਵਾਪਿਸ ਨਹੀਂ ਆ ਜਾਂਦਾ।

### ਮਾਪਿਆਂ ਦੀ ਸਹਾਇਤਾ

ਇਸ ਟੀਮ ਦੇ ਮੈਂਬਰ ਮਾਪਿਆ ਦੀ ਵੀ ਮਦਦ ਕਰਦੇ ਹਨ ਤਾਂ ਕਿ ਓਹ ਆਪਣੇ ਬੱਚੇ ਦੀ ਨਸ਼ਿਆਂ ਦੀ ਮੁਸੀਬਤ ਦਾ ਮੁਕਾਬਲਾ ਕਰ ਸਕਣ।

### ਸਕੂਲ ਵਿੱਚ ਸੂਚਿਤ ਕਰਨਾ

ਸਕੂਲਾਂ ਵਿੱਚ ਬੱਚਿਆਂ ਨੂੰ ਨਸ਼ਿਆਂ ਬਾਰੇ ਅਤੇ ਨਸ਼ਿਆਂ ਤੋਂ ਬਚਣ ਲਈ ਕਈ ਤਰਾਂ ਦੇ ਪ੍ਰੋਗਰਾਮ ਸਥਾਪਿਤ ਕੀਤੇ ਗਏ ਹਨ।

### **ਬਰਾਦਰੀ ਦੀ ਜਾਣਕਾਰੀ**

ਲੋੜ ਅਨੁਸਾਰ ਇਹ ਅਫਸਰ ਬਰਾਦਰੀ ਅਤੇ ਪੁਲੀਸ ਨਾਲ ਰਲ ਕਿ ਸਕੂਲਾਂ ਦੀ ਸੁਰਿਖਆ ਲਈ ਬਚਨਬੰਧ ਹੈ।

### **ਪੜ੍ਹਾਈ ਦੀ ਸਹਾਇਤਾ**

ਨਸ਼ਿਆਂ ਦੇ ਨੁਕਸਾਨ, ਰੋਕ ਥਾਮ ਅਤੇ ਵਰਤੋਂ ਬਾਰੇ ਜਾਣਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਵੀ ਵੀ ਦਿੱਤੀ ਜਾਂਦੀ ਹੈ। ਜਲਦੀ ਹੀ ਸਕੂਲਾਂ ਦੇ ਸਾਥੀਆਂ ਨੂੰ ਸਿਖਿਆ ਦਿੱਤੀ ਜਾਏਗੀ ਤਾਂ ਕਿ ਓਹ ਵੀ ਮਦਦ ਕਰ ਸਕਣ। ਇਸ ਜਾਣਕਾਰੀ ਦੀ ਮੰਗ ਕਰਨੀ ਜ਼ਰੂਰੀ ਹੈ।

### ਮਦਦ ਲਈ ਅਰਜ਼ੀ ਭਰਨ ਲਈ ਜ਼ਰੂਰੀ ਹੈ

ਹਰ ਅਰਜ਼ੀ ਮੁਸੀਬਤ ਵਿੱਚ ਆਏ ਵਿਦਿਆਰਥੀ ਦੀ ਮਦਦ ਲਈ, ਓਸਦੀ ਰਜ਼ਾਮੰਦੀ ਨਾਲ, ਸਕੂਲ ਦੇ ਕਰਮਚਾਰੀ ਜਾਂ ਪੁਲੀਸ ਵਾਲੇ ਭਰ ਸਕਦੇ ਹਨ।

### **ਹੋਰ ਜਾਣਕਾਰੀ ਲਈ ਇਹਨਾਂ ਤਾਲਮੇਲ ਅਫਸਰਾਂ ਨਾਲ ਸੰਪਰਕ ਕਰੋ:**

ਓਤਰੀ ਸਰ੍ਹੀ ਵਿੱਚ - ਡੈਬਰਾ ਕੈਮਰਨ - 778-772-3360 (cameron_d@sd36.bc.ca)
ਦਖੱਣੀ ਸਰ੍ਹੀ ਵਿੱਚ - ਕੌਲੈਂਟ ਐਲਨ - 778-772-7492 (allan_c@sd36.bc.ca)
ਪੂਰਬੀ ਸਰ੍ਹੀ ਵਿੱਚ - ਟਰੇਸੀ ਹਾਰਡਮੈਨ - 778-772-3240 (hardman_t@sd36.bc.ca)
ਪੱਛਮੀ ਸਰ੍ਹੀ ਵਿੱਚ - ਅਲਿਸਾ ਸਮਰਜ਼ - 778-772-4914 (summers_a@sd36.bc.ca)
ਬਰਿਜਜ਼/ਸਟੇ ਰੀਅਲ - ਚੰਦਰਾ ਬਾਰਬਰ - 778-772-5329 (barbour_c@sd36.bc.ca